# Virtual meeting between Minister of State for External Affairs and Vice Minister of Foreign Affairs of Indonesia

June 10, 2021

## ਵਿਦੇਸ਼ ਰਾਜ ਮੰਤਰੀ ਅਤੇ ਇੰਡੋਨੇਸ਼ੀਆ ਦੇ ਵਿਦੇਸ਼ ਮਾਮਲਿਆਂ ਦੇ ਉਪ ਮੰਤਰੀ ਦਰਮਿਆਨ ਵਰਚੂਅਲ ਬੈਠਕ

10 ਜੂਨ, 2021

ਵਿਦੇਸ਼ ਅਤੇ ਸੰਸਦੀ ਮਾਮਲਿਆਂ ਬਾਰੇ ਰਾਜ ਮੰਤਰੀ (MoS) ਸ਼੍ਰੀ ਵੀ. ਮੁਰਲੀਧਰਨ ਨੇ ਇੰਡੋਨੇਸ਼ੀਆ ਦੇ ਵਿਦੇਸ਼ ਉਪ ਮੰਤਰੀ ਮਹਾਮਹਿਮ ਮਹਿੰਦਰ ਸਾਈਗਰ ਨਾਲ 10 ਜੂਨ, 2021 ਨੂੰ ਵਰਚੂਅਲ ਬੈਠਕ ਕੀਤੀ। ਵਿਦੇਸ਼ ਰਾਜ ਮੰਤਰੀ ਨੇ ਇੰਡੋਨੇਸ਼ੀਆਈ ਸਰਕਾਰ ਵੱਲੋਂ COVID - 19 ਮਹਾਂਮਾਰੀ ਨਾਲ ਨਜਿੱਠਣ ਲਈ ਭਾਰਤ ਭੇਜੀ ਗਈ ਰਾਹਤ ਸਮੱਗਰੀ ਲਈ ਇਸਦਾ ਧੰਨਵਾਦ ਕੀਤਾ।

ਇਸ ਬੈਠਕ ਦੌਰਾਨ ਦੋਵਾਂ ਆਗੂਆਂ ਨੇ ਭਾਰਤ-ਇੰਡੋਨੇਸ਼ੀਆ ਦਰਮਿਆਨ ਵੱਖ-ਵੱਖ ਖੇਤਰਾਂ ਅੰਦਰ ਦੁਵੱਲੇ ਸਬੰਧਾਂ ਦਾ ਜਾਇਜ਼ਾ ਲਿਆ। ਉਨ੍ਹਾਂ ਨੇ ਖੇਤਰੀ ਮਸਲਿਆਂ ਅਤੇ ਬਹੁਪੱਖੀ ਮੰਚਾਂ 'ਤੇ ਸਹਿਯੋਗ ਬਾਰੇ ਵੀ ਵਿਚਾਰ ਵਟਾਂਦਰੇ ਕੀਤੇ। ਦੋਵਾਂ ਆਗੂਆਂ ਨੇ ਭਾਰਤ-ਇੰਡੋਨੇਸ਼ੀਆ ਵਿਆਪਕ ਰਣਨੀਤਕ ਭਾਈਵਾਲੀ ਨੂੰ ਹੋਰ ਮਜ਼ਬੂਤ ਕਰਨ ਪ੍ਰਤੀ ਆਪਣੀ ਵਚਨਬੱਧਤਾ ਜ਼ਾਹਰ ਕੀਤੀ।

ਨਵੀਂ ਦਿੱਲੀ
10 ਜੂਨ, 2021

DISCLAIMER: This is an approximate translation. The original is available in English on MEA's website and may be referred to as the official press release.